# ਇਤਿਹਾਸ

## *ਹਰਦਿਆਲ ਬੈਂਸ*

ਇਤਿਹਾਸ ਕੀ ਹੈ? ਇਹਦੇ ਲਈ ਆਮ ਵਰਤੀ ਜਾਂਦੀ ਪ੍ਰੀਭਾਸ਼ਾ ਨੂੰ ਸਾਡੇ ਲਈ ਸਵੀਕਾਰ ਕਰਨਾ ਮੁਸ਼ਕਲ ਹੈ ਜੋ ਇਹ ਕਹਿੰਦੀ ਹੈ ਕਿ ਸਾਰੀ `ਬੀਤੀ ਗੁਜ਼ਰੀ` ਹੀ ਇਤਿਹਾਸ ਹੈ। ਆਮ ਤੌਰ ਤੇ `ਇਤਿਹਾਸ` ਲਫ਼ਜ਼ ਨੂੰ ਦਰਅਸਲ `ਬੀਤੇ ਹੋਏ` ਦੇ ਤੁਲ ਹੀ ਸਮਝਿਆ ਜਾਂਦਾ ਹੈ। ਜੁਆਨ ਲੋਕਾਂ ਨੇ ਤਾਂ ਸਗੋਂ ਇਹਦੀ ਇਕ ਕਹਾਵਤ ਜਿਹੀ ਵੀ ਬਣਾ ਲਈ ਹੈ ਕਿ- `ਉਹ` ਤਾਂ ਹਿਸਟਰੀ ਹੋ ਗਿਆ ਹੈ (ਜਾਂ ਹੋ ਗਈ ਹੈ)- ਮਤਲਬ ਇਹ ਕਿ ਫਲਾਨਾ ਬੰਦਾ ਜਾਂ ਔਰਤ ਜਾਂ ਘਟਨਾ ਹੁਣ ਮੁਕ ਗਈ ਹੈ, ਖ਼ਤਮ ਹੋ ਗਈ ਹੈ ਤੇ ਹੁਣ ਇਸ ਬਾਰੇ ਗੱਲ ਕਰਨ ਦੀ ਲੋੜ ਨਹੀਂ ਰਹੀ।

ਇਤਿਹਾਸ ਦੇ ਲੱਛਣਾ ਵਿਚੋਂ ਇਕ ਲੱਛਣ `ਬੀਤ ਗਏ` ਦਾ ਹੈ ਪਰ ਇਹ ਸੱਭ ਤੋਂ ਅਹਿਮ ਨਹੀਂ। ਸੱਭ ਤੋਂ ਅਹਿਮ ਲੱਛਣ ਇਹ ਹੈ ਕਿ ਇਤਿਹਾਸ ਦੀ ਹੋਂਦ ਹੈ, ਵਜੂਦ ਹੈ। ਇਹ ਜਿਉਂਦਾ ਜਾਗਦਾ ਹੈ, ਜ਼ੋਰਾਵਰ ਹੈ। ਇਹ ਆਪਣੇ ਖੰਭ ਖਿਲਾਰਦਾ ਹੈ ਤੇ ਸਭ ਕਾਸੇ ਤੇ ਛਾ ਜਾਂਦਾ ਹੈ। ਇਤਿਹਾਸ ਇਸ ਤਰ੍ਹਾਂ ਦੀ ਅਰੋਕ ਤਾਕਤ ਹੈ ਜੋ ਕਿਸੇ ਵੀ ਚੀਜ਼ ਨੂੰ ਬਖ਼ਸ਼ਦੀ ਨਹੀਂ। ਇਤਿਹਾਸ ਬਗੈਰ ਕੋਈ ਇਨਸਾਨੀ ਚੇਤਨਾ ਸੰਭਵ ਨਹੀਂ, ਤੇ ਇਨਸਾਨੀ ਅਮਲ ਬਗੈਰ ਕੋਈ ਇਨਸਾਨੀ ਇਤਿਹਾਸ ਸੰਭਵ ਨਹੀਂ। ਇਹ ਗੱਲ ਬਿਲਕੁਲ ਸਾਫ਼ ਹੈ`

ਤਾਰੀਖ਼ ਦਾ ਆਮ ਤਸੱਵਰ ਇਹ ਹੈ ਕਿ ਇਹ ਬੀਤੀਆਂ ਘਟਨਾਵਾਂ ਦੀ ਇਕ ਮੁਕੰਮਲ ਤਸਵੀਰ ਹੁੰਦੀ ਹੈ, ਜਿਹਦੇ ਵਿਚ ਕਿਸੇ ਹਿਸੇ, ਕਿਸੇ ਘਟਨਾ ਜਾਂ ਇਤਿਹਾਸ ਵਿਚ ਕਿਸੇ ਸ਼ਖ਼ਸੀਅਤ ਦੇ ਰੋਲ ਬਾਰੇ ਮਤਭੇਦ ਵੀ ਹੋ ਸਕਦੇ ਹਨ। ਇਸ ਸੰਕਲਪ ਅਨੁਸਾਰ ਇਤਿਹਾਸ ਇੰਜ ਹੈ ਜਿਵੇਂ ਕੋਈ ਬਾਅਦ ਵਿਚ ਚੇਤੇ ਕੀਤੀ ਗਈ ਸ਼ੈ ਹੋਵੇ, ਘਟਨਾਵਾਂ ਤੇ ਚੀਜ਼ਾਂ ਦੇ ਬੀਤੇ ਹੋਏ ਦੇ ਅਧਿਆਨ ਨਾਲ ਬਣਾਈ ਗਈ ਇਕ ਜ਼ਿਹਨੀ ਕਿਰਤ, ਤਾਰੀਖ਼ ਜਿਹਦਾ ਸਾਡੀ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ, ਇਕ ਮੇਹਰਬਾਨ ਸ਼ੈ। ਇਹੋ ਜਿਹੀ ਤਾਰੀਖ਼ ਇੰਜ ਲਗਦੀ ਹੈ ਜਿਵੇਂ ਜੀਵਨ ਤੇ ਇਹਦਾ ਕੋਈ ਅਸਰ ਨਾ ਹੋਵੇ, ਜੀਵਨ ਨਾਲ ਕੋਈ ਤੁਅੱਲਕ ਨਾ ਹੋਵੇ। ਪਰ, ਕੀ ਦਰਅਸਲ ਇਹ ਇਉਂ ਹੀ ਹੈ? ਕੀ ਅਸੀਂ ਇਤਿਹਾਸ ਨਾਲੋ ਇੰਨਾਂ ਹੀ ਦੂਰ ਹਾਂ ਕਿ ਇਹਦਾ ਸਾਡੇ ਤੇ ਕੋਈ ਅਸਰ ਹੀ ਨਹੀਂ? ਕੀ ਇਤਿਹਾਸ ਵੀ ਸਮੇਂ ਅਤੇ ਸਥਾਨ ਵਾਂਗ ਹੈ ਜਿਹਦੇ ਅੰਦਰ ਧਰਤੀ ਘੁੰਮਦੀ ਹੈ? ਜਾਂ ਫਿਰ ਇਹ ਕੁਝ ਹੋਰ ਹੈ?

ਜੇ ਜੀਵਨ ਉਤੇ ਇਤਿਹਾਸ ਦਾ ਬਿਲਕੁਲ ਕੋਈ ਅਸਰ ਨਾ ਹੁੰਦਾ ਤਾਂ ਫੇਰ ਸਾਨੂੰ ਇਹਦੇ ਬਾਰੇ ਕੁਝ ਪਤਾ ਵੀ ਨਹੀਂ ਸੀ ਹੋਣਾ, ਲੇਕਿਨ ਇਤਿਹਾਸ ਦੇ ਬਗੈਰ ਮਨੁਖੀ ਜੀਵਨ ਦਾ ਤਸੱਵਰ ਕਰਨਾ ਵੀ ਉਤਨਾ ਹੀ ਨਾਮੁਮਕਿਨ ਹੈ ਜਿਤਨਾ ਧਰਤੀ ਦਾ ਇਤਿਹਾਸ ਦੇ ਬਗੈਰ ਤਸੱਵਰ ਕਰਨਾ, ਜਾਂ ਇਹ ਸਮਝਣਾ ਕਿ ਗਤੀ ਅਤੇ ਸਰੂਪ ਦੇ ਬਗੈਰ ਵੀ ਪਦਾਰਥ ਦੀ ਹੋਂਦ ਹੋ ਸਕਦੀ ਹੈ। ਦੇਸ਼/ਕਾਲ, ਸਮਾਂ ਤੇ ਥਾਂ, ਉਹ ਹਾਲਾਤ ਬਣਾਉਂਦੇ ਹਨ ਜਿਹਦੇ ਮਤਿਹਤ ਪਦਾਰਥ ਵੱਖੋ ਵੱਖ ਸ਼ਕਲਾਂ ਵਿਚ ਹੋਂਦ ਵਿਚ ਆਉਂਦਾ ਤੇ ਗੁਜ਼ਰ ਜਾਂਦਾ ਹੈ। ਕੀ ਇਸੇ ਤਰ੍ਹਾਂ ਦੀ ਕੋਈ ਚੀਜ਼ ਸਮਾਜੀ ਜ਼ਿੰਦਗੀ ਵਿਚ ਵੀ ਹੈ?

1989-91 ਦੇ ਦੌਰ ਵਿਚ ਜੋ ਕਮਿਉਨਿਜ਼ਮ ਨਾਲ ਬੀਤੀ ਉਹਦਾ ਸਬੰਧ ਇਨਸਾਨ ਨੂੰ ਦਰਪੇਸ਼ ਮੌਜੂਦਾ ਮੁਸ਼ਕਲਾਂ ਨੂੰ ਸੁਲਝਾਉਣ ਨਾਲ ਵੀ ਹੈ ਕਿਉਂਕਿ ਇਹ ਸਭ ਕੁਝ ਇਤਿਹਾਸ ਦੇ ਇਕ ਵਿਸ਼ੇਸ਼ ਸਮੇਂ ਤੇ ਵਾਪਰਿਆ ਹੈ। ਇਹ ਪਤਾ ਕਰਨਾ ਵੀ ਬਹੁਤ ਅਹਿਮੀਅਤ ਰੱਖਦਾ ਹੈ ਇਸ ਤੋਂ ਪਹਿਲਾਂ ਕਮਿਊਨਿਜ਼ਮ ਨਾਲ ਕੀ ਕੀ ਗੁਜ਼ਰੀ ਕਿਉਂਕਿ ਜੋਂ ਕੁਝ ਹੋਇਆ ਇਹਦੀ ਜੜ੍ਹ ਤਾਂ ਬੀਤੇ ਵਿਚ ਹੀ ਹੈ। ਇਹ ਸਭ ਕੁਝ ਐਵੇਂ ਹੀ ਨਹੀਂ ਸੀ ਹੋ ਸਕਦਾ। ਇਸ ਪਹਿਲੂ ਤੋਂ ਵੇਖੀਏ ਤਾਂ ਜੋ ਦਾਸਤਾ ਜਾਂ ਸਾਮੰਤਵਾਦ ਨਾਲ ਹੋਇਆ ਅਤੇ ਜੋ ਪੂੰਜੀਵਾਦ ਨਾਲ ਹੋ ਰਿਹਾ ਹੈ ਉਹ ਵੀ ਕੁਝ ਦਸਦਾ ਹੈ। ਦਰਅਸਲ, ਇਨਸਾਨੀਅਤ ਜੋ ਕੁਝ ਵੀ ਕਰਦੀ ਹੈ ਜਾਂ ਇਹਦੇ ਨਾਲ ਹੁੰਦਾ ਹੈ, ਉਹਦਾ ਭਵਿਖ ਨਾਲ ਵੀ ਸੰਬੰਧ ਹੈ। ਤਾਰੀਖ਼ ਇਕ ਐਸੀ ਲਗਾਤਾਰਤਾ ਹੈ ਜਿਹਦੇ ਵਿਚ ਵਕਫੇ ਵੀ ਨੇ, ਜੋ ਇਹ ਤਸੱਵਰ ਕਰਨਾ ਸੰਭਵ ਬਣਾਉਂਦੀ ਹੈ ਇਹ ਕੋਈ ਖਲਾਅ ਨਹੀਂ ਬਲਕਿ ਜ਼ਿੰਦਗੀ ਭਰਪੂਰ ਹੈ। ਸਮਾਜਿਕ ਪੱਖੋਂ ਗੱਲ ਕਰੀਏ ਤਾਂ ਦਰਅਸਲ ਇਤਿਹਾਸ ਦਾ ਸਭ ਕਾਸੇ ਨਾਲ ਇਕ ਦਵੰਦਮਈ ਰਿਸ਼ਤਾ ਕਿਉਂਕਿ ਜੋ ਹੈ ਉਹ ਜੋ ਸੀ ਬਣਦਾ ਜਾ ਰਿਹਾ ਹੈ ਅਤੇ ਜੋ ਬੀਤ ਗਿਆ ਉਹ ਨਵੇਂ ਹੋਵਣ ਦੇ ਵਧਣ ਫੁਲਣ ਲਈ ਇਕ ਜ਼ਰਖ਼ੇਜ਼ ਧਰਤੀ ਬਣ ਨਿਬੜਦਾ ਹੈ।

ਇਤਿਹਾਸ ਦਾ ਸੰਕਲਪ ਇਨਸਾਨੀ ਤਹਿਜ਼ੀਬ ਦੇ ਇਕ ਖ਼ਾਸ ਮੁਕਾਮ ਤੇ ਪਹੁੰਚਣ ਤੇ ਹੀ ਹੋਂਦ ਵਿਚ ਆਉਂਦਾ ਹੈ, ਉਹ ਮੁਕਾਮ ਜਿਥੇ ਪਹੁੰਚ ਕੇ ਮਨੁਖੀ ਜੀਵ ਕੁਦਰਤ ਨਾਲ ਤਾਲਮੇਲ ਕਰਕੇ ਅਤੇ ਆਪਸ ਵਿਚ ਤਾਲਮੇਲ ਕਰਕੇ ਪੈਦਾਵਾਰੀ ਤਾਕਤਾਂ ਨੂੰ ਵਿਕਸਤ ਕਰਨਾ ਸ਼ੁਰੂ ਕਰਦੇ ਹਨ। ਸਮਾਜੀ ਵਿਕਾਸ ਦਾ ਨੇਮ, ਮਨੁੱਖੀ ਜ਼ਿੰਦਗੀ ਦੀਆਂ ਅੰਦਰਲੀਆਂ ਵਿਰੋਧਤਾਈਆਂ, ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੰਦਾ ਹੈ। ਹੋਰ ਤੱਤਾਂ ਦੇ ਇਲਾਵਾ, ਆਬਾਦੀ ਵਿਚ ਵਾਧਾ ਹੋਣ ਅਤੇ

ਸਾਧਨਾਂ ਦੇ ਘਟਣ ਨਾਲ ਇਕ ਐਸਾ ਵਾਸਤਵਿਕ ਦਵੰਦ ਹੋਂਦ ਵਿਚ ਆ ਗਿਆ ਕਿ ਜੇ ਇਹਨੂੰ ਹੱਲ ਨਾ ਕੀਤਾ ਜਾਂਦਾ ਤਾਂ ਇਨਸਾਨੀ ਜ਼ਿੰਦਗੀ ਦਾ ਅੰਤ ਹੋ ਜਾਂਦਾ। ਇਸ ਮਰਹਲੇ ਤੇ ਖੇਤੀਬਾੜੀ ਤੇ ਪਸ਼ੂਪਾਲਨ ਦਾ ਹੋਂਦ ਵਿਚ ਆਉਣਾ, ਇਨਸਾਨ ਦਾ ਪਹਿਲਾ ਐਸਾ ਅਮਲ ਹੈ ਜੋ ਕੁਦਰਤ ਦੇ ਤੱਤਾਂ ਦੀ ਮਨਮਾਨੀ ਦੇ ਰਾਜ ਵਿਚ ਖ਼ਲਲ ਪਾਉਂਦਾ ਹੈ। ਇਹ ਅਮਲ ਮਨੁਖੀ ਜੀਵ ਨੂੰ ਸਿਰਫ਼ ਜਾਗਰੂਕਤਾ ਹੀ ਨਹੀਂ ਦਿੰਦਾ ਬਲਕਿ ਉਹਦੇ ਵਿਚ ਇਹ ਯਕੀਨ ਵੀ ਪੈਦਾ ਕਰਦਾ ਹੈ ਕਿ ਇਕ ਜਾਗਰੂਕ ਤੇ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਿਆਂ ਇਨਸਾਨੀ ਜ਼ਿੰਦਗੀ ਦੇ ਵੱਧਣ ਫੁਲਣ ਲਈ ਹੋਰ ਢੁਕਵੇਂ ਹਾਲਾਤ ਤਿਆਰ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ, ਇਨਸਾਨੀ ਇਤਿਹਾਸ ਦੀ ਭੂਮਿਕਾ ਬੱਝਣ ਦਾ ਦੌਰ ਸ਼ੁਰੂ ਹੋਇਆ ਜੋ ਇਨਸਾਨੀ ਇਤਿਹਾਸ ਦੀ ਸਿਰਜਣਾ ਲਈ ਪਹਿਲਾ ਕਦਮ ਕਿਹਾ ਜਾ ਸਕਦਾ ਹੈ।

ਭੂਮਿਕਾ ਦੇ ਇਸ ਦੌਰ ਵਿਚ ਇਤਿਹਾਸ ਦਾ ਇਹ ਸੰਕਲਪ ਬਹੁਤ ਹੀ ਸਵਾਰਥੀ ਸੰਕਲਪ ਹੈ ਕਿਉਂਕਿ ਇਨਸਾਨੀ ਅਮਲ ਦੇ ਪੈਦਾ ਕੀਤੇ ਹੋਏ ਵਾਸਤਵਿਕ ਕਾਨੂੰਨਾਂ ਦੇ ਬਹੁਤ ਡੂੰਘੇ ਰੋਲ ਨੂੰ ਇਹ ਪਛਾਣਦਾ ਨਹੀਂ, ਅਤੇ ਇਸ ਵਜ੍ਹਾ ਕਰਕੇ ਇਹ ਇਸ ਗਲੋਂ ਵੀ ਲਾਪ੍ਰਵਾਹ ਹੈ ਕਿ ਇਸ ਦੌਰ ਵਿਚ ਇਨਸਾਨੀ ਜ਼ਿੰਦਗੀ ਵਾਸਤੇ ਕੁਦਰਤ ਦੇ ਦਾਮਨ ਵਿਚ ਕੀ ਕੀ ਸੰਭਾਵਨਾਵਾਂ ਮੌਜੂਦ ਹਨ। ਇਹੋ ਜਿਹਾ ਸੰਕਲਪ ਸਿਰਫ਼ ਗੁਲਾਮੀ ਵੱਲ ਹੀ ਲਿਜਾ ਸਕਦਾ ਹੈ ਅਤੇ ਪੁਰਾਣੀ ਤਰ੍ਹਾਂ ਦੀ ਗੁਲਾਮੀ ਦੇ ਨਾਲ ਨਾਲ ਇਹ ਨਵੀਂ ਕਿਸਮ ਦੀ ਗੁਲਾਮੀ ਵੱਲ ਵੀ ਤੋਰਦਾ ਹੈ। ਪੁਰਾਣੀ ਗੁਲਾਮੀ ਕੁਦਰਤ ਦੀ ਸੀ, ਅਤੇ ਨਵੀਂ ਗੁਲਾਮੀ ਬੰਦੇ ਦੀ ਬੰਦੇ ਹੱਥੋਂ ਹੈ ਜਿਹਦਾ ਆਰੰਭ ਇਨਸਾਨ ਨੂੰ ਇਕ ਵੇਚਣ-ਖਰੀਦਣ ਦੀ ਸ਼ੈ ਬਣਾ ਦੇਣ ਨਾਲ ਹੋਇਆ ਤੇ ਜੋ ਅੱਗੇ ਹੋਰ ਵਿਗੜ ਕੇ ਅਜੋਕੀ ਗੁਲਾਮੀ ਵਿਚ ਬਦਲ ਗਿਆ ਜਾਣੀ ਉਜਰਤ ਦੀ ਗੁਲਾਮੀ ਬਣ ਗਿਆ, ਸਿਰਫ਼ ਉਜਰਤ ਦੀ ਹੀ ਗੁਲਾਮੀ ਨਹੀਂ ਬਲਕਿ ਵਿਤੀ ਅਦਾਰਿਆਂ ਦਾ ਵੀ ਗੁਲਾਮ ਹੋਣਾ ਪੈ ਗਿਆ ਹੈ ਜਿਨ੍ਹਾਂ ਨੇ ਸਾਰਾ ਸੰਸਾਰ ਹੀ ਆਪਣੇ ਪੰਜੇ ਵਿਚ ਫਸਾ ਲਿਆ ਹੈ।

ਇਨਸਾਨੀ ਅਮਲ ਦੇ ਕਈ ਹਜ਼ਾਰਾਂ ਸਾਲ ਗੁਜ਼ਰ ਜਾਣ ਦੇ ਬਾਅਦ ਹੀ ਇਸ ਭੂਮਿਕਾ ਦੇ ਦੌਰ ਉਤੇ ਕੋਈ ਸਵਾਲ ਉਠ ਸਕਿਆ। ਭੂਮਿਕਾ ਦੇ ਦੌਰ ਵਿਚ ਜਮਾਤਾਂ ਵਿਚ ਵੰਡੇ ਸਮਾਜ ਵਿਚ ਇਤਿਹਾਸ ਦਾ ਚਾਲੂ ਸੰਕਲਪ ਉਹੋ ਕੁਝ ਹੀ ਪੇਸ਼ ਕਰਦਾ ਹੈ ਜੋ ਭਾਰੂ ਜਮਾਤਾਂ ਦੀ ਮਰਜ਼ੀ ਹੈ। ਖੁਦ ਇਤਿਹਾਸ ਨੂੰ ਗੁਲਾਮ ਕਰ ਲਿਆ ਗਿਆ ਹੈ, ਮਤਲਬ ਇਹ ਕਿ ਗੁਲਾਮਾਂ ਦੇ ਮਾਲਕ ਉਨ੍ਹਾਂ ਮਹਾਨ ਸੰਭਾਵਨਾ ਤੋਂ ਅੱਖਾਂ ਬੰਦ ਕਰੀ ਬੈਠੇ ਹਨ ਜੋ ਇਤਿਹਾਸ ਨੇ ਮਨੁਖੀ ਜੀਵਾਂ ਲਈ ਪੈਦਾ ਕਰ ਦਿਤੀਆਂ ਹੋਈਆਂ ਹਨ। ਉਨ੍ਹਾਂ ਨੇ ਇਹ ਸਾਰੇ ਮੌਕੇ ਰੱਦ ਕਰ ਦਿੱਤੇ, ਸਣੇ ਇਤਿਹਾਸ ਦੇ, ਅਤੇ ਸਾਰਿਆਂ ਨੂੰ ਭਾਂਤ ਭਾਂਤ ਦੀ ਗੁਲਾਮੀ ਦੇ ਜਬਾੜ੍ਹਿਆਂ ਸਪੁਰਦ ਅਤੇ ਸਮੇਂ ਨੂੰ ਹਨੇਰਿਆਂ ਦੇ ਮੂੰਹ ਵਿਚ ਧੱਕ ਦਿਤਾ। ਇਹਦੇ ਕਰਕੇ, ਹੁਣ ਨੌਬਤ ਇਹ ਹੈ ਕਿ ਲੁਟੇ ਜਾਣ ਵਾਲਿਆਂ ਅਤੇ ਲੁਟਣ ਵਾਲਿਆਂ ਵਿਚਕਾਰ ਇਕ ਟੱਕਰ ਠਣ ਗਈ ਹੈ, ਇਤਿਹਾਸ ਦੀ ਭੂਮਿਕਾ ਅਤੇ ਖੁਦ ਇਤਹਾਸ ਹੁਣ ਇਕ ਦੂਸਰੇ ਦੇ ਸਾਹਮਣੇ ਤਣੇ ਖੜ੍ਹੇ ਹਨ।

ਅਸੀਂ ਵਿਕਾਸ ਦੇ ਉਸ ਮੁਕਾਮ ਤੇ ਆ ਪਹੁੰਚੇ ਹਾਂ ਜਿਥੇ ਲੋਕਾਂ ਦਾ ਇਕ ਅਜੇਹਾ ਵਰਗ ਹੋਂਦ ਵਿਚ ਆ ਚੁਕਾ ਹੈ ਜਿਹਦੀ ਬੰਦ ਖ਼ਲਾਸੀ ਵਿਚ ਹੀ ਸਾਰੀ ਮਨੁਖਤਾ ਦੀ ਮੁਕਤੀ ਲੁਕੀ ਹੋਈ ਹੈ। ਜਿਨ੍ਹਾਂ ਨੇ ਹੁਣ ਤੱਕ ਆਪਣੀਆਂ ਅੱਖਾਂ ਬੰਦ ਕਰੀ ਰੱਖੀਆਂ ਅਤੇ ਤਾਰੀਖ ਦਾ ਫ਼ਾਇਦਾ ਨਹੀਂ ਉਠਾਇਆ ਹੁਣ ਉਨ੍ਹਾਂ ਦੀ ਚਕਰੀ ਘੁੰਮਣ ਹੀ ਵਾਲੀ ਹੈ। ਅੱਖਾਂ ਚੌਪੱਟ ਖੁਲ੍ਹਣ ਹੀ ਵਾਲੀਆਂ ਹਨ। ਕਈਆਂ ਦੀਆਂ ਤਾਂ ਖੁਲ੍ਹ ਵੀ ਗਈਆਂ ਹਨ ਤੇ ਕਈਆਂ ਦੀਆਂ ਖੁਲ੍ਹ ਰਹੀਆਂ ਹਨ। ਹੁਣ ਤਾਰੀਖ ਹੋਂਦ ਵਿਚ ਆਵੇਗੀ। ਜਦੋਂ ਮਜ਼ਦੂਰ ਜਮਾਤ ਉਜਰਤ ਦੀ ਗੁਲਾਮੀ ਦੇ ਸਿਸਟਮ ਦੇ ਖ਼ਾਤਮੇ ਦੀ ਮੰਗ ਕਰਦੀ ਹੈ ਅਤੇ ਬੰਦੇ ਹੱਥੋਂ ਬੰਦੇ ਦੀ ਲੁਟ ਉਤੇ ਅਧਾਰਤ ਸਿਸਟਮ ਦੇ ਖ਼ਾਤਮੇ ਦੀ ਮੰਗ ਕਰਦੀ ਹੈ ਤਾਂ ਇਹਦੇ ਅਸਰ ਤੋਂ ਕੌਣ ਬਚ ਸਕੇਗਾ? ਮਜ਼ਦੂਰ ਜਮਾਤ ਦੇ ਨਾਲ ਨਾਲ ਉਹ ਮਰਦ ਤੇ ਔਰਤਾਂ ਵੀ ਮੌਜੂਦ ਹਨ ਜੋ ਰੌਸ਼ਨ ਖ਼ਿਆਲ ਹਨ ਅਤੇ ਆਪਣਾ ਕੰਮ ਕਿਸੇ ਤੁਅੱਸਬ ਜਾਂ ਸੁਆਰਥ ਦੇ ਬਗੈਰ ਕਰ ਰਹੇ ਹਨ ਤੇ ਜਿਨ੍ਹਾਂ ਦਾ ਮਕਸਦ ਸਾਇੰਸ ਅਤੇ ਸਮਾਜ ਦੀ ਤਰੱਕੀ ਹੈ। ਮਨੁੱਖੀ ਇਤਿਹਾਸ ਦੇ ਆਗਮਨ ਨੂੰ ਹੁਣ ਕਿਹੜਾ ਰੋਕ ਸਕੇਗਾ?

ਮਜ਼ਦੂਰ ਜਮਾਤ ਅਤੇ ਰੌਸ਼ਨ ਖ਼ਿਆਲ ਲੋਕਾਂ ਦੇ ਇਕ ਤਬਕੇ ਦਾ ਪੈਦਾ ਹੋਣਾ ਜੋ ਰੌਸ਼ਨ ਖਿਆਲ ਹਨ, ਇਤਿਹਾਸ ਦੀ ਭੂਮਿਕਾ ਦੇ ਦੌਰ ਦੇ ਖ਼ਾਤਮੇ ਦੇ ਆਰੰਭ ਦਾ ਬਿਗਲ ਵਜਾਉਂਦਾ ਹੈ। ਇਹ ਭੂਮਿਕਾ, ਇਤਿਹਾਸ ਦੀ ਸ਼ੁਰੂਆਤ ਤੋਂ ਪਹਿਲਾਂ ਦਾ ਇਹ ਦੌਰ, ਇਸ ਜਮਾਤ ਅਤੇ ਲੋਕਾਂ ਦੇ ਇਸ ਤਬਕੇ ਨੂੰ ਉਸ ਅਣਜਾਣੇ ਨਾਲ ਸ਼ਰ੍ਹੇਆਮ ਝੜੱਪਾਂ ਵੱਲ ਤੋਰਦਾ ਹੈ ਜਿਹਦੇ ਬਾਰੇ ਜਾਣਨਾ ਹੁਣ ਤੱਕ ਆਮ ਲੋਕਾਂ ਲਈ ਇਕ ਅਯੋਗ ਚੀਜ਼ ਸਮਝਿਆ ਜਾਂਦਾ ਸੀ, ਅਤੇ ਜਿਹਦੀ ਜਾਣਕਾਰੀ ਉਤੇ ਸਿਰਫ਼ ਅਮੀਰ ਤੇ ਹਾਕਮਜ਼ਾਤ ਦਾ ਹੀ ਹੱਕ ਸਮਝਿਆ ਜਾਂਦਾ ਸੀ। ਇਹ ਧਨੀ ਤੇ ਹਾਕਮਜ਼ਾਤ ਆਪਣੇ ਆਪ ਨੂੰ ਇਸ ਤਰ੍ਹਾਂ ਪੇਸ਼ ਕਰਨ ਲੱਗ ਪਏ ਕਿ ਨਵੇਂ ਸਮਾਜ ਨੂੰ ਬਣਾਉਣਾ ਸਿਰਫ਼ ਇਨ੍ਹਾਂ ਦਾ ਹੀ ਕੰਮ ਹੈ, ਇਹ ਕੰਮ ਹੋਰ ਕੋਈ ਨਹੀਂ ਕਰ ਸਕਦਾ। ਇਤਿਹਾਸ ਦੀ ਭੂਮਿਕਾ ਦਾ ਇਹ ਯੁਗ ਉਹ ਦੌਰ ਬਣ ਗਿਆ ਜਿਹਦੇ ਅੰਦਰ ਹਰ ਤਰ੍ਹਾਂ ਦੀ ਹਨੇਰਗਰਦੀ, ਚਾਹੇ ਇਹ ਪਾਦਰੀ ਵਰਗ ਦੀ ਹੋਵੇ ਜਾਂ ਕਿਸੇ ਹੋਰ ਦੀ, ਦੇ ਖ਼ਿਲਾਫ਼ ਤਿਖੇ ਹਮਲੇ ਹੋਣ ਲੱਗ ਪਏ ਕਿਉਂਕਿ ਕਾਮੇ ਲੋਕਾਂ ਦਾ ਵਰਗ ਤੇ ਰੌਸ਼ਨ ਖਿਆਲ ਲੋਕਾਂ ਦਾ ਤਬਕਾ ਹੁਣ ਆਪਣੇ ਹਾਲਾਤ ਨੂੰ ਤਕਦੀਰ ਦਾ ਲਿਖਿਆ ਮੰਨਣ ਲਿਆ ਤਿਆਰ ਨਹੀਂ। ਮਜ਼ਦੂਰ, ਜੋ ਕੰਮ ਦੇਣ ਵਾਲੇ ਦਾ ਨੌਕਰ ਹੈ, ਅਤੇ ਰੌਸ਼ਨ ਖ਼ਿਆਲ ਬੰਦਾ, ਜੋ ਤਨਖਾਹ ਦੇਣ ਵਾਲੇ ਦਾ ਸੇਵਾਦਾਰ ਹੈ, ਇਸ ਹਾਲਾਤ ਨੂੰ ਸਵੀਕਾਰ ਨਹੀਂ ਕਰ ਸਕਦੇ ਕਿਉਂਕਿ ਇਹ ਉਨ੍ਹਾਂ ਦਾ ਸੁਭਾਅ ਵੀ ਹੈ ਤੇ ਵਾਸਤਵਿਕ ਪੱਖੋਂ ਉਨ੍ਹਾਂ ਦੇ ਕੰਮ ਅਤੇ ਕਿੱਤੇ ਦਾ ਸਤ ਤੱਤ ਵੀ ਹੈ। ਇਹਦੇ ਨਾਲ ਜਾਗਰੂਕਤਾ ਪੈਦਾ ਹੁੰਦੀ ਹੈ ਅਤੇ ਟੱਕਰ ਉਪਜਦੀ ਹੈ ਇਸ ਗੱਲ

ਵਿਚ ਕਿ ਉਹ ਚਾਹੁੰਦੇ ਕੀ ਹਨ ਤੇ ਉਨ੍ਹਾਂ ਨੂੰ ਮਿਲਦਾ ਕੀ ਹੈ। ਇਸ ਲਈ, ਇਕ ਤਣਾਅ ਉਪਜਦਾ ਹੈ ਜਿਹਦੇ ਵਿਚ ਇਤਿਹਾਸ ਦੀ ਭੂਮਿਕਾ ਹੁਣ ਖ਼ੁਦ ਇਤਿਹਾਸ ਵਿਚ ਤਬਦੀਲ ਹੋ ਰਹੀ ਹੈ। ਜੋ ਪਹਿਲਾਂ ਆ ਚੁਕਾ ਹੈ ਹੁਣ ਫੇਰ ਆਉਣ ਦੀ ਤਮੰਨਾਂ ਰੱਖਦਾ ਹੈ ਤੇ ਭੂਮਿਕਾ ਹੁਣ ਇਤਿਹਾਸ ਬਣ ਜਾਂਦੀ ਹੈ।।

ਪਰ ਇਹ ਤਬਦੀਲੀ ਸਿਰਫ਼ ਵਾਸਤਵਿਕ ਅਤੇ ਆਪ-ਮੁਹਾਰੀ ਨਹੀਂ ਹੈ। ਬਹੁਤ ਜ਼ਿਆਦਾ ਦਬਾਅ ਹੈ ਕਿ ਇਤਿਹਾਸ ਦੀ ਭੂਮਿਕਾ ਸਿਰਫ਼ ਇਕ ਭੂਮਿਕਾ ਹੀ ਬਣੀ ਰਵ੍ਹੇ। ਜੇ ਇਹ ਗੱਲ ਸਿਰਫ਼ ਕਿਸੇ ਬੰਦੇ ਦੇ ਸੁਹਜ-ਸੁਆਦ ਦਾ ਹੀ ਮਸਲਾ ਹੁੰਦਾ ਅਤੇ ਕਿਸੇ ਹੋਰ ਦੀ ਜ਼ਿੰਦਗੀ ਤੇ ਇਹਦਾ ਕੋਈ ਅਸਰ ਨਾ ਹੁੰਦਾ ਤਾਂ ਇਹ ਇਕ ਵੱਖਰੀ ਗੱਲ ਹੁੰਦੀ ਪਰ ਮਸਲਾ ਇਹ ਹੈ ਕਿ ਭੂਮਿਕਾ ਉਤੇ ਸਿਰਫ਼ ਭੂਮਿਕਾ ਬਣੇ ਰਹਿਣ ਲਈ ਪੈਂਦੇ ਦਬਾਅ ਦਾ ਮਤਲਬ ਇਹ ਹੈ ਸਾਰੇ ਦੇ ਸਾਰੇ ਮਸਲੇ ਕਾਇਮ ਰਹਿਣ ਚਾਹੇ ਇਹ ਆਰਥਕਤਾ ਦੇ ਹੋਣ, ਸਿਆਸਤ ਦੇ ਹੋਣ, ਸਭਿਆਚਾਰ ਦੇ ਹੋਣ, ਜਾਂ ਸਾਰੇ ਜਹਾਨ ਦੇ ਲੋਕਾਂ ਦੀ ਤਰੱਕੀ ਜਾਂ ਜੰਗ ਤੇ ਅਮਨ ਬਾਰੇ ਹੋਣ। ਇਹਦੇ ਨਾਲ ਹੀ ਉਲਟ ਦਬਾਅ ਵੀ ਹੈ ਜੋ ਭੂਮਿਕਾ ਨੂੰ ਇਤਿਹਾਸ ਵਿਚ ਤਬਦੀਲ ਹੋਇਆ ਵੇਖਣਾ ਚਾਹੁੰਦਾ ਹੈ ਤੇ ਇਹ ਦਬਾਅ ਦੱਬੇ ਕੁਚਲੇ ਅਤੇ ਲੁਟ ਦਾ ਸ਼ਿਕਾਰ ਲੋਕਾਂ ਦੇ ਹਾਲਾਤ ਪਾਉਂਦੇ ਹਨ। ਇਹਦੇ ਫ਼ਲਸਰੂਪ ਸਾਡੇ ਜ਼ਮਾਨੇ ਦੀ ਸੱਭ ਤੋਂ ਵੱਡੀ ਟੱਕਰ ਪ੍ਰਗਟ ਹੁੰਦੀ ਹੈ। ਇਨ੍ਹਾਂ ਦੋ ਵੱਖਰੇ ਹਿੱਤਾਂ ਵਿਚਕਾਰਲੀ ਟੱਕਰ ਦਾ ਹੱਲ ਲਾਜ਼ਮੀ ਲੱਭਣਾ ਪਏਗਾ ਕਿਉਂਕਿ ਇਹ ਟੱਕਰ ਬਹੁਤ ਖ਼ਤਰਨਾਕ ਵੀ ਬਣ ਸਕਦੀ ਹੈ।

ਇਤਿਹਾਸ ਨੂੰ ਸਿਰਫ਼ ਬੀਤੇ ਦੀਆਂ ਘਟਨਾਵਾਂ ਅਤੇ ਇਕ ਬਿਲਕੁਲ ਨਿਰਜੀਵ ਅਤੇ ਸਥਿਲ ਚੀਜ਼ ਵਜੋਂ ਪੇਸ਼ ਕਰਨਾ ਇਕ ਆਮ ਗੱਲ ਹੈ। ਇਤਿਹਾਸ ਦੇ ਇਸ ਤਰ੍ਹਾਂ ਦੇ ਪੰਡਤਾਊ ਵਰਨਣ ਤੋਂ ਕੁਝ ਵੀ ਸਿਖਿਆ ਨਹੀਂ ਜਾ ਸਕਦਾ ਤੇ ਨਾ ਹੀ ਇਹੋ ਜਿਹੀ ਤਾਰੀਖ਼ ਦਾ ਕੋਈ ਅਹਿਮ ਰੋਲ ਹੀ ਹੋ ਸਕਦਾ ਹੈ। ਇਸ ਪੰਡਤਾਊ ਵਰਨਣ ਦਾ ਮਕਸਦ ਇਹ ਹੈ ਕਿ ਭੂਮਿਕਾ ਸਿਰਫ਼ ਭੂਮਿਕਾ ਹੀ ਬਣੀ ਰਵ੍ਹੇ ਤੇ ਤਾਰੀਖ਼ ਵਿਚ ਤਬਦੀਲ ਨਾ ਹੋਵੇ। ਇਹ ਤਾਰੀਖ਼ ਨੂੰ ਅਸਲੀ ਜ਼ਿੰਦਗੀ ਦੇ ਵਿਕਾਸ, ਗਤੀ ਅਤੇ ਤਬਦੀਲੀ ਵਿਚ ਨਹੀਂ ਵੇਖਦਾ, ਅਤੇ ਯਕੀਨੀ ਬਣਾਉਂਦਾ ਹੈ ਕਿ ਕਿਸੇ ਵੀ ਜ਼ਮਾਨੇ ਵਿਚ ਤਾਰੀਖ਼ ਕੋਈ ਅਹਿਮ ਤੇ ਜ਼ਿੰਦਗੀ ਭਰਪੂਰ ਰੋਲ ਨਾ ਅਦਾ ਕਰ ਸਕੇ। ਸਗੋਂ ਇਹਦੇ ਉਲਟ, ਇਹਦਾ ਕੰਮ ਹੈ ਤਾਰੀਖ਼ ਵਰਗੀ ਮਹੱਤਵਪੂਰਣ ਤਾਕਤ ਨੂੰ ਖ਼ਤਮ ਕਰਨਾ ਤੇ ਸਮਾਜ ਨੂੰ ਪਿਛੇ ਵੱਲ ਲੈ ਕੇ ਜਾਣਾ। ਇਹ ਸਧਾਰਣਤਾ ਦੇ ਦੌਰ ਨੂੰ ਲੰਮਿਆਂ ਕਰਨ ਅਤੇ ਹੋਰ ਹਰ ਤਰ੍ਹਾਂ ਦੀ ਗਿਰਾਵਟ ਨੂੰ ਚਾਲੂ ਰੱਖਣ ਲਈ ਹੈ। ਇਹ ਇਸ ਅਮਲ ਵਿਚ ਆਪਣੀ ਆਜ਼ਾਦੀ ਲੱਭਦੀ ਹੈ। ਪਰ ਇਹ ਇਕ ਐਸਾ ਅਮਲ ਹੈ ਜਿਹਨੂੰ ਬਹੁਤ ਸਾਰੇ ਨਫ਼ਰਤ ਤਾਂ ਕਰਦੇ ਹਨ ਲੇਕਿਨ ਇਹ ਤਰੱਕੀ ਲਈ ਜ਼ਰੂਰੀ ਹਾਲਾਤ ਨੂੰ ਵੀ ਤਿਆਰ ਕਰਦਾ ਹੈ।

ਤਾਰੀਖ਼ ਨੂੰ ਇਸ ਪੰਡਤਾਊ ਢੰਗ ਨਾਲ ਪੇਸ਼ ਕਰਨ ਦੇ ਇਸ ਰਿਵਾਜ ਨੇ ਇਸ ਵੇਲੇ ਬੀਤੇ ਹੋਏ ਨੂੰ ਨਿੰਦਦਿਆਂ ਇਹ ਦਲੀਲ ਦਿਤੀ ਹੈ ਕਿ ਜਿਥੋਂ ਤੱਕ ਸਮਾਜ ਦੀਆਂ ਮੁਢਲੀਆਂ ਸਮੱਸਿਆਵਾਂ ਦੇ ਹੱਲ ਦਾ ਸਬੰਧ ਹੈ `ਇਨਸਾਨੀ ਫ਼ਿਤਰਤ` ਦੀ ਵਜ੍ਹਾ ਕਰਕੇ ਨਾ ਤਾਂ ਪਹਿਲਾਂ ਕੋਈ ਤਰੱਕੀ ਹੋ ਸਕੀ ਤੇ ਨਾ ਹੁਣ ਹੋ ਸਕਦੀ ਹੈ। ਇਸ ਸੰਕਲਪ ਮੁਤਾਬਿਕ, ਇਤਿਹਾਸ ਦੀ ਭੂਮਿਕਾ ਦਾ ਦੌਰ -ਬੰਦੇ ਹੱਥੋਂ ਬੰਦੇ ਦੀ ਲੁਟ ਦਾ ਦੌਰ- ਹਮੇਸ਼ਾਂ ਰਹੇਗਾ। ਪਰ ਇਹ ਗੱਲ ਤੱਥਾਂ ਦੇ ਬਿਲਕੁਲ ਉਲਟ ਜਾਂਦੀ ਹੈ ਜੋ ਦਰਸਾਉਂਦੇ ਹਨ ਕਿ ਤਰੱਕੀ ਜ਼ਰੂਰ ਹੋਈ ਹੈ ਲੇਕਿਨ ਅਧੋਗਤੀ ਵੀ ਹੋਈ ਹੈ। ਆਰਥਕਤਾ ਤੋਂ ਲੈ ਕੇ ਸਭਿਆਚਾਰ ਤੱਕ, ਹਰ ਪਾਸੇ ਏਨੀ ਹੈਰਾਨਕੁਨ ਤਰੱਕੀ ਹੋਈ ਹੈ ਕਿ ਇਤਿਹਾਸ ਦੀ ਭੂਮਿਕਾ ਦਾ ਦੌਰ ਖ਼ੁਦ ਇਤਹਾਸ ਵਿਚ ਤਬਦੀਲ ਹੋ ਰਿਹਾ ਹੈ, ਇਕ ਇਤਿਹਾਸ ਜਿਸ ਦੀ ਸਿਰਜਣਾ ਵਰਤਾਮਾਨ ਅਤੇ ਭਵਿਖ ਦੇ ਦੌਰ ਦੀਆਂ ਲੋੜਾਂ ਪੂਰੀਆਂ ਕਰਨ ਦੇ ਕੰਮ ਕਰਕੇ ਹੋ ਰਹੀ ਹੈ।